ਪਿਆਰੇ ਮਾਤਾ ਪਿਤਾ/ਵਾਰਸੋ:

ਬੱਚਿਆਂ ਨੂੰ ਸਿੱਖਣ ਲਈ ਸਿਹਤਮੰਦ ਭੋਜ਼ਨ ਦੀ ਲੋੜ ਹੁੰਦੀ ਹੈ। ਤੁਹਾਡੇ ਬੱਚੇ ਦਾ ਸਕੂਲ ਹਰੇਕ ਸਕੂਲ ਵਾਲੇ ਦਿਨ ਤੰਦਰੁਸਤ ਖੁਰਾਕ ਦੀ ਪੇਸ਼ਕਸ਼ ਕਰਦਾ ਹੈ। ਤੁਹਾਡੇ ਬੱਚੇ ਮੁਫਤ ਭੋਜਨ ਜਾਂ ਸਸਤੇ ਭੋਜਨ ਲੈਣ ਲਈ ਯੋਗ ਹੋ ਸਕਦੇ ਹਨ।

1. **ਕੀ ਮੈਨੂੰ ਹਰੇਕ ਬੱਚੇ ਲਈ ਇੱਕ ਬਿਨੈਪੱਤਰ ਭਰਨਾ ਪਏਗਾ?** ਨਹੀਂ। ਤੁਸੀਂ ਆਪਣੇ ਘਰ ਵਿੱਚ ਸਾਰੇ ਵਿਦਿਆਰਥੀਆਂ ਲਈ ਇੱਕ ਹੀ ਮੁਫਤ ਅਤੇ ਸਸਤੇ ਸਕੂਲੀ ਭੋਜਨ ਫਾਰਮ ਨੂੰ ਵਰਤ ਸਕਦੇ ਹੋ। ਅਸੀਂ ਉਸ ਅਰਜੀ ਨੂੰ ਮਨਜ਼ੂਰ ਨਹੀਂ ਕਰ ਸਕਦੇ ਜਿਹੜੀ ਪੂਰੀ ਨਾ ਹੋਵੇ, ਇਸ ਲਈ ਯਕੀਨੀ ਬਣਾਓ ਸਾਰੀ ਲੋੜੀਂਦੀ ਜਾਣਕਾਰੀ ਨੂੰ ਭਰਨਾ। ਭਰੇ ਹੋਏ ਬਿਨੈਪੱਤਰ ਨੂੰ ਆਪਣੇ ਬੱਚਿਆਂ ਦੇ ਇਕ ਸਕੂਲ ਵਿਚ ਵਾਪਸ ਦੇ ਦੇਵੋ।

2. **ਮੁਫਤ ਭੋਜਨ ਕੌਣ ਲੈ ਸਕਦਾ ਹੈ?** ਪਰਿਵਾਰ ਅੰਦਰ ਉਹ ਸਾਰੇ ਬੱਚੇ ਜਿਹੜੇ [SUPPLEMENTAL NUTRITION ASSISTANCE PROGRAM (SNAP)], THE FOOD DISTRIBUTION PROGRAM ON INDIAN RESERVATIONS ਜਾਂ [ਕੁਝ ਰਾਜਾਂ ਵਿਚ STATES TEMPORARY ASSISTANCE FOR NEEDY FAMILIES (TANF)] ਤੋਂ ਲਾਭ ਲੈ ਰਹੇ ਹੋਣ, ਆਪਣੀ ਆਮਦਨੀ ਦੇ ਬਾਵਜੂਦ ਮੁਫਤ ਭੋਜ਼ਨ ਲੈ ਸਕਦੇ ਹਨ। ਇਸ ਦੇ ਨਾਲ ਨਾਲ, ਤੁਹਾਡੇ ਬੱਚੇ ਵੀ ਮੁਫਤ ਭੋਜਨ ਪ੍ਰਾਪਤ ਕਰ ਸਕਦੇ ਹਨ, ਜੇਕਰ ਤੁਹਾਡੀ ਪਰਿਵਾਰਿਕ ਆਮਦਨੀ ਫੈਡਰਲ ਇਨਕਮ ਯੋਗਤਾ ਗਾਈਡਲਾਈਨਜ ਤੇ ਮੁਫਤ ਸੀਮਾਵਾਂ ਦੇ ਅੰਦਰ ਹੈ।

3. **ਕੀ ਧਰਮ ਦੇ ਬੱਚੇ ਮੁਫਤ ਭੋਜਨ ਪ੍ਰਾਪਤ ਕਰ ਸਕਦੇ ਹਨ?** ਹਾਂ, ਧਰਮ ਦੇ ਬੱਚੇ ਜਿਹੜੇ ਕਿ ਇੱਕ ਪਾਲਕ ਦੇਖਰੇਖ ਏਜੰਸੀ ਜਾਂ ਅਦਾਲਤ ਦੀ ਕਾਨੂੰਨੀ ਜਿੰਮੇਵਾਰੀ ਦੇ ਅਧੀਨ ਆਉਂਦੇ ਹਨ, ਮੁਫਤ ਖੁਰਾਕ ਲੈਣ ਦੇ ਯੋਗ ਹਨ। ਆਮਦਨੀ ਦੇ ਬਾਵਜੂਦ ਪਰਿਵਾਰ ਵਿੱਚ ਕੋਈ ਵੀ ਧਰਮ ਦਾ ਬੱਚਾ ਮੁਫਤ ਭੋਜਨ ਲੈਣ ਦੇ ਯੋਗ ਹੈ।

4. **ਕੀ ਬੇਘਰ, ਭਗੌੜਾ ਅਤੇ ਪ੍ਰਵਾਸੀ ਬੱਚੇ ਮੁਫਤ ਭੋਜਨ ਲੈ ਸਕਦੇ ਹਨ?** ਹਾਂ, ਉਹ ਬੱਚੇ ਜਿਹੜੇ ਬੇਘਰ, ਭਗੌੜਾ, ਜਾਂ ਪ੍ਰਵਾਸੀਆਂ ਲਈ ਮੁਫਤ ਖਾਣਿਆਂ ਦੀ ਪ੍ਰੀਭਾਸ਼ਾ ਨੂੰ ਪੂਰਾ ਕਰਦੇ ਹਨ। ਜੇਕਰ ਤੁਹਾਨੂੰ ਨਹੀਂ ਦੱਸਿਆ ਗਿਆ ਹੈ ਕਿ ਤੁਹਾਡੇ ਬੱਚੇ ਮੁਫਤ ਭੋਜ਼ਨ ਪ੍ਰਾਪਤ ਕਰਨਗੇ, ਕ੍ਰਿਪਾ ਕਰਕੇ ਆਪਣੇ ਬੱਚੇ ਦੇ ਸਕੂਲ ਨੂੰ ਕਾਲ ਜਾਂ ਈ-ਮੇਲ ਕਰੋ, ਇਹ ਦੇਖਣ ਲਈ ਕਿ ਕੀ ਉਹ ਯੋਗ ਹਨ।

5. **ਸਸਤਾ ਭੋਜਨ ਕੌਣ ਪ੍ਰਾਪਤ ਕਰ ਸਕਦਾ ਹੈ?** ਤੁਹਾਡੇ ਬੱਚੇ ਸਸਤਾ ਭੋਜਨ ਲੈ ਸਕਦੇ ਹਨ ਜੇਕਰ ਤੁਹਾਡੀ ਪਰਿਵਾਰਿਕ ਆਮਦਨੀ, ਇਸ ਬਿਨੈਪੱਤਰ ਤੇ ਦਰਸਾਏ ਅਨੁਸਾਰ ਫੈਡਰਲ ਇਨਕਮ ਯੋਗਤਾ ਚਾਰਟ ਤੇ ਸਸਤੀਆਂ ਸੀਮਾਵਾਂ ਤੋਂ ਘੱਟ ਹੈ।

6. **ਕੀ ਮੈਨੂੰ ਇੱਕ ਬਿਨੈਪੱਤਰ ਭਰਨਾ ਚਾਹੀਦਾ ਹੈ ਜੇਕਰ ਮੈਂ ਇਸ ਸਕੂਲੀ ਸਾਲ ਲਈ ਇੱਕ ਚਿੱਠੀ ਪ੍ਰਾਪਤ ਕਰ ਲਈ ਹੈ ਕਿ ਮੇਰੇ ਬੱਚੇ ਮੁਫਤ ਖਾਣਾ ਲੈਣ ਲਈ ਮਨਜ਼ੂਰ ਹਨ?** ਜਿਹੜਾ ਪੱਤਰ ਤੁਸੀਂ ਪ੍ਰਾਪਤ ਕੀਤਾ ਹੈ ਕ੍ਰਿਪਾ ਕਰਕੇ ਉਸਨੂੰ ਧਿਆਨ ਨਾਲ ਪੜ੍ਹੋ ਅਤੇ ਹਦਾਇਤਾਂ ਦਾ ਪਾਲਣ ਕਰੋ। ਜੇਕਰ ਤੁਹਾਡਾ ਕੋਈ ਸਵਾਲ ਹੋਵੇ ਕ੍ਰਿਪਾ ਕਰਕੇ ਆਪਣੇ ਬੱਚੇ ਦੇ ਸਕੂਲ ਨਾਲ ਗੱਲ ਕਰੋ।

7. **ਮੇਰੇ ਬੱਚੇ ਦਾ ਬਿਨੈਪੱਤਰ ਪਿਛਲੇ ਸਾਲ ਮਨਜ਼ੂਰ ਕੀਤਾ ਗਿਆ ਸੀ। ਕੀ ਮੈਨੂੰ ਦੂਜਾ ਫਾਰਮ ਭਰਨ ਦੀ ਲੋੜ ਹੈ?** ਹਾਂ ਜੀ। ਤੁਹਾਡੇ ਬੱਚੇ ਦਾ ਬਿਨੈਪੱਤਰ ਕੇਵਲ ਉਸ ਸਕੂਲੀ ਸਾਲ ਲਈ ਹੀ ਚੰਗਾ ਸੀ ਅਤੇ ਇਸ ਸਕੂਲੀ ਸਾਲ ਦੇ ਪਹਿਲੇ ਕੁੱਝ ਕੁ ਦਿਨਾਂ ਲਈ ਹੀ। ਤੁਹਾਨੂੰ ਇੱਕ ਨਵੀਂ ਅਰਜੀ ਵਿੱਚ ਭੇਜਣਾ ਚਾਹੀਦਾ ਹੈ ਜਦੋਂ ਤੱਕ ਸਕੂਲ ਤੁਹਾਨੂੰ ਨਾ ਦੱਸੇ ਕਿ ਤੁਹਾਡਾ ਬੱਚਾ ਨਵੇਂ ਸਕੂਲੀ ਸਾਲ ਲਈ ਯੋਗ ਹੈ।

8. **ਮੈਂ WIC ਪ੍ਰਾਪਤ ਕਰਦਾ ਹਾਂ। ਕੀ ਮੇਰਾ/ਮੇਰੇ ਬੱਚਾ/ਬੱਚੇ ਮੁਫਤ ਭੋਜਨ ਲੈਣ ਦੇ ਯੋਗ ਹਨ?** WIC ਵਿੱਚ ਪਰਿਵਾਰਾਂ ਸ਼ਾਮਿਲ ਹੋਣ ਵਾਲੇ ਬੱਚੇ ਮੁਫਤ ਜਾਂ ਸਸਤਾ ਭੋਜਨ ਲੈਣ ਲਈ ਯੋਗ ਹੋ ਸਕਦੇ ਹਨ। ਕ੍ਰਿਪਾ ਕਰਕੇ ਇੱਕ ਬਿਨੈਪੱਤਰ ਭਰੋ।

9. **ਕੀ ਉਹ ਜਾਣਕਾਰੀ ਜਿਹੜੀ ਮੈਂ ਦੇਵਾਂਗਾ ਉਹ ਚੈਕ ਹੋਵੇਗੀ?** ਹਾਂ ਅਤੇ ਅਸੀਂ ਤੁਹਾਨੂੰ ਲਿਖਤੀ ਸਬੂਤ ਦੇਣ ਲਈ ਵੀ ਕਹਿ ਸਕਦੇ ਹਾਂ।

10. **ਜੇਕਰ ਮੈਂ ਹੁਣ ਸਫਲ ਨਹੀਂ ਹੁੰਦਾ, ਕੀ ਮੈਂ ਬਾਅਦ ਵਿੱਚ ਅਰਜੀ ਦੇ ਸਕਦਾ ਹਾਂ?** ਹਾਂ ਜੀ, ਤੁਸੀਂ ਸਕੂਲ ਦੇ ਸਾਲ ਵਿੱਚ ਕਦੀ ਵੀ ਅਰਜੀ ਦੇ ਸਕਦੇ ਹੋ। ਉਦਾਹਰਣ ਵਜੋਂ, ਮਾਤਾ ਪਿਤਾ ਜਾਂ ਵਾਰਸ ਸਮੇਤ ਬੱਚੇ ਜਿਹੜੇ ਬੇਰੁਜਗਾਰ ਹੋ ਜਾਂਦੇ ਹਨ ਮੁਫਤ ਜਾਂ ਸਸਤੇ ਭੋਜਨ ਲਈ ਯੋਗ ਹੋ ਸਕਦੇ ਹਨ ਜੇਕਰ ਪਰਿਵਾਰਕ ਆਮਦਨ ਆਮਦਨ ਸੀਮਾਂ ਤੋਂ ਘੱਟ ਹੁੰਦੀ ਹੈ।

11. **ਕੀ ਹੁੰਦਾ ਹੈ ਜੇਕਰ ਮੈਂ ਆਪਣੀ ਅਰਜੀ ਬਾਰੇ ਸਕੂਲ ਦੇ ਫੈਸਲੇ ਨਾਲ ਸਹਿਮਤ ਨਾ ਹੋਵਾਂ?** ਤੁਹਾਨੂੰ ਸਕੂਲ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਤੁਸੀਂ ਨਿਰਣੇ ਦੀ ਸਮੀਖਿਆ ਲਈ ਸੁਣਵਾਈ ਲਈ ਕਹਿ ਸਕਦੇ ਹੋ।

12. **ਕੀ ਮੈਂ ਅਰਜੀ ਦੇ ਸਕਦਾ ਹਾਂ ਜੇਕਰ ਮੇਰੇ ਪਰਿਵਾਰ ਵਿੱਚ ਕੋਈ ਵੀ ਯੂ. ਐਸ. ਦਾ ਵਸਨੀਕ ਨਾ ਹੋਵੇ?** ਹਾਂ ਜੀ। ਤੁਹਾਨੂੰ ਜਾਂ ਤੁਹਾਡੇ ਬੱਚੇ (ਬੱਚਿਆਂ) ਨੂੰ ਮੁਫਤ ਜਾਂ ਸਸਤਾ ਭੋਜਨ ਲੈਣ ਦੇ ਯੋਗ ਹੋਣ ਲਈ ਯੂ. ਐਸ. ਦਾ ਨਾਗਰਿਕ ਹੋਣਾ ਜਰੂਰੀ ਨਹੀਂ।

13. **ਆਪਣੇ ਪਰਿਵਾਰ ਦੇ ਕਿਨ੍ਹਾਂ ਮੈਂਬਰਾਂ ਨੂੰ ਮੈਨੂੰ ਸ਼ਾਮਿਲ ਕਰਨਾ ਚਾਹੀਦਾ ਹੈ?** ਤੁਹਾਨੂੰ ਆਪਣੇ ਪਰਿਵਾਰ ਦੇ ਸਾਰੇ ਜੀਵਤ ਮੈਂਬਰਾਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ, ਸਬੰਧਿਤ ਜਾਂ ਗੈਰ ਸਬੰਧਿਤ (ਜਿਵੇਂ ਕਿ ਦਾਦਾ/ਦਾਦੀ, ਦੂਜੇ ਰਿਸ਼ਤੇਦਾਰ, ਜਾਂ ਦੋਸਤ) ਜਿਹੜੇ ਆਮਦਨ ਅਤੇ ਖਰਚਿਆਂ ਨੂੰ ਸਾਂਝਾ ਕਰਦੇ ਹਨ। ਤੁਹਾਨੂੰ ਆਪਣੇ ਆਪ ਨੂੰ ਅਤੇ ਆਪਣੇ ਨਾਲ ਰਹਿੰਦੇ ਸਾਰੇ ਬੱਚਿਆਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਦੂਜੇ ਲੋਕਾਂ ਨਾਲ ਰਹਿੰਦੇ ਹੋ ਜਿਹੜੇ ਆਰਥਿਕ ਤੌਰ ਤੇ ਅਜਾਦ ਹਨ (ਉਦਾਹਰਣ ਦੇ ਤੌਰ ਤੇ, ਉਹ ਲੋਕ ਜਿਨ੍ਹਾਂ ਨੂੰ ਤੁਸੀਂ ਮਦਦ ਨਹੀਂ ਦਿੰਦੇ, ਜਿਹੜੇ ਤੁਹਾਡੇ ਨਾਲ ਅਤੇ ਤੁਹਾਡੇ ਬੱਚਿਆਂ ਨਾਲ ਅਪਣੀ ਆਮਦਨੀ ਨਹੀਂ ਵੰਡਦੇ, ਅਤੇ ਜਿਹੜੇ ਖਰਚਿਆਂ ਦੀ ਹਿੱਸੇ ਆਉਂਦੀ ਅਦਾਇਗੀ ਕਰਦੇ ਹਨ), ਉਨ੍ਹਾਂ ਨੂੰ ਸ਼ਾਮਿਲ ਨਾ ਕਰੋ।

14. **ਕੀ ਹੁੰਦਾ ਹੈ ਜੇਕਰ ਮੇਰੀ ਆਮਦਨੀ ਹਮੇਸ਼ਾਂ ਇਕਸਾਰ ਨਹੀਂ ਰਹਿੰਦੀ?** ਉਸ ਆਮਦਨੀ ਦੀ ਸੂਚੀ ਬਣਾਓ ਜਿਹੜੀ ਤੁਸੀਂ ਅਕਸਰ ਪ੍ਰਾਪਤ ਕਰਦੇ ਹੋ। ਉਦਾਹਰਣ ਵਜੋਂ, ਜੇਕਰ ਤੁਸੀਂ ਆਮ ਤੌਰ ਤੇ ਹਰੇਕ ਮਹੀਨੇ ੧੦੦੦$ ਕਮਾਉਂਦੇ ਹੋ, ਪਰ ਤੁਸੀਂ ਪਿਛਲੇ ਮਹੀਨੇ ਕੁੱਝ ਕੰਮ ਗਵਾਇਆ ਹੈ ਕੇਵਲ ੯੦੦$ ਬਣਾਏ ਹਨ, ਇਹ ਲਿਖੋ ਕਿ ਤੁਸੀਂ ਪ੍ਰਤੀ ਮਹੀਨਾ ੧੦੦੦$ ਕਮਾਏ ਹਨ। ਜੇਕਰ ਤੁਸੀਂ ਅਕਸਰ ਵਾਧੂ ਸਮਾਂ ਕੰਮ ਕਰਨ ਦੀ ਤਨਖਾਹ ਲੈਂਦੇ ਹੋ , ਇਹ ਸ਼ਾਮਲ ਕਰੋ, ਇਹ ਸ਼ਾਮਲ ਨਾ ਕਰੋ ਜੇਕਰ ਤੁਸੀਂ ਕਦੀ ਕਦਾਈਂ ਓਵਰਟਾਈਮ ਲਗਾਉਂਦੇ ਹੋ। ਜੇਕਰ ਤੁਸੀਂ ਆਪਣਾ ਕੰਮ ਗੁਆਇਆ ਹੈ ਜਾਂ ਤੁਹਾਡੇ ਘੰਟੇ ਜਾਂ ਭੱਤੇ ਘੱਟ ਗਏ ਹਨ, ਆਪਣੀ ਚਾਲੂ ਆਮਦਨ ਦੀ ਵਰਤੋਂ ਕਰੋ।

15. **ਅਸੀਂ ਮਿਲਟਰੀ ਵਿੱਚ ਹਾਂ। ਕੀ ਅਸੀਂ ਆਪਣੇ ਘਰੇਲੂ ਭੱਤੇ ਨੂੰ ਆਮਦਨੀ ਦੀ ਤਰ੍ਹਾਂ ਸ਼ਾਮਲ ਕਰੀਏ?** ਜੇਕਰ ਤੁਸੀਂ ਬੇਸ ਤੋਂ ਬਾਹਰ ਘਰੇਲੂ ਭੱਤਾ ਪ੍ਰਾਪਤ ਕਰਦੇ ਹੋ, ਇਸ ਨੂੰ ਆਮਦਨ ਦੇ ਤੌਰ ਤੇ ਸ਼ਾਮਲ ਕਰਨਾ ਚਾਹੀਦਾ ਹੈ। ਫਿਰ ਵੀ, ਜੇਕਰ ਤੁਹਾਡਾ ਘਰ ਮਿਲਟਰੀ ਹਾਊਸਿੰਗ ਪ੍ਰਾਈਵੇਟਾਈਜੇਸ਼ਨ ਯਤਨ ਦਾ ਹਿੱਸਾ ਹੈ, ਅਪਣੇ ਘਰੇਲੂ ਭੱਤੇ ਨੂੰ ਆਮਦਨੀ ਵਿੱਚ ਸ਼ਾਮਲ ਨਾ ਕਰੋ।

16. **ਮੇਰੀ ਪਤੀ/ਪਤਨੀ ਲੜਾਈ ਵਾਲੇ ਖੇਤਰ ਵਿੱਚ ਤੈਨਾਤ ਹੈ, ਕੀ ਉਸ ਦੀ ਲੜਾਈ ਵਾਲੀ ਤਨਖਾਹ ਨੂੰ ਆਮਦਨ ਮੰਨਿਆ ਜਾਂਦਾ ਹੈ?** ਨਹੀਂ, ਜੇਕਰ ਲੜਾਈ ਵਾਲੀ ਤਨਖਾਹ ਨੂੰ ਉਸ ਦੀ ਮੁਢਲੀ ਤਨਖਾਹ ਤੋਂ ਇਲਾਵਾ ਪ੍ਰਾਪਤ ਕੀਤਾ ਗਿਆ ਹੈ ਉਸ ਦੀ ਤੈਨਾਤੀ ਦੇ ਕਾਰਣ ਅਤੇ ਇਸ ਨੂੰ ਉਸ ਦੇ ਤੈਨਾਤ ਹੋਣ ਤੋਂ ਪਹਿਲਾਂ ਵਸੂਲ ਨਹੀਂ ਕੀਤਾ ਗਿਆ ਸੀ, ਲੜਾਈ ਵਾਲੀ ਤਨਖਾਹ ਨੂੰ ਆਮਦਨੀ ਨਹੀਂ ਮੰਨਿਆਂ ਜਾਂਦਾ ਹੈ। ਵਧੇਰੇ ਜਾਣਕਾਰੀ ਲਈ ਆਪਣੇ ਸਕੂਲ ਨਾਲ ਸੰਪਰਕ ਕਰੋ।

17. **ਮੇਰੇ ਪਰਿਵਾਰ ਨੂੰ ਵਧੇਰੇ ਮਦਦ ਦੀ ਲੋੜ ਹੈ। ਕੀ ਕੋਈ ਹੋਰ ਪ੍ਰੋਗਰਾਮ ਹਨ ਜਿਨ੍ਹਾਂ ਲਈ ਅਸੀਂ ਅਰਜੀ ਦੇ ਸਕਦੇ ਹਾਂ?** ਦੂਜੇ ਸਹਾਇਕ ਲਾਭਾਂ ਲਈ ਬਿਨੈਪੱਤਰ ਕਿਵੇਂ ਦੇਣਾ ਹੈ, ਆਪਣੇ ਸਥਾਨਕ ਸਹਾਇਕ ਦਫਤਰ ਨਾਲ ਸੰਪਰਕ ਕਰੋ।

ਬਿਨੈਪੱਤਰ ਦੇਣ ਲਈ ਹਦਾਇਤਾਂ

ਤੁਹਾਡੇ ਨਾਲ ਰਹਿਣ ਵਾਲਾ ਕੋਈ ਵੀ ਬੱਚਾ ਜਾਂ ਕੋਈ ਵੀ ਬਾਲਗ ਇੱਕ ਪਰਿਵਾਰਿਕ ਮੈਂਬਰ ਹੁੰਦਾ ਹੈ।

ਜੇਕਰ ਤੁਹਾਡਾ ਘਰ SUPPLEMENTAL NUTRITION ASSISTANCE PROGRAM (SNAP), TEMPORARY ASSISTANCE FOR NEEDY FAMILIES, ਜਾਂ THE FOOD DISTRIBUTION PROGRAM ON INDIAN RESERVATIONS (FDPIR), ਤੋਂ ਸਹਾਇਤਾ ਪ੍ਰਾਪਤ ਕਰਦਾ ਹੈ ਤਾਂ ਇਨ੍ਹਾਂ ਹਦਾਇਤਾਂ ਦਾ ਪਾਲਣ ਕਰੋ:

ਭਾਗ ੧: ਸਾਰੇ ਪਰਿਵਾਰਕ ਮੈਂਬਰਾਂ ਅਤੇ ਹਰੇਕ ਬੱਚੇ ਦੇ ਸਕੂਲ ਦੇ ਨਾਮ ਦੀ ਸੂਚੀ ਬਣਾਓ।

ਭਾਗ ੨: SNAP ਜਾਂ TANF ਜਾਂ FDPIR ਲਾਭ ਪ੍ਰਾਪਤ ਕਰ ਰਹੇ (ਬਾਲਗਾਂ ਸਮੇਤ) ਹਰੇਕ ਪਰਿਵਾਰਕ ਮੈਂਬਰ ਲਈ ਕੇਸ ਨੰਬਰ ਦੀ ਸੂਚੀ ਬਣਾਓ।

ਭਾਗ ੩: ਇਹ ਭਾਗ ਛੱਡ ਦਿਓ।

ਭਾਗ ੪: ਇਹ ਭਾਗ ਛੱਡ ਦਿਓ।

ਭਾਗ ੫: ਫਾਰਮ ਤੇ ਹਸਤਾਖਰ ਕਰੋ। ਇੱਕ ਸੋਸ਼ਲ ਸਿਕਿਉਰਿਟੀ ਨੰਬਰ ਦੇ ਅੰਤਮ ਚਾਰ ਅੰਕ ਜਰੂਰੀ ਨਹੀਂ ਹਨ।

ਭਾਗ ੬: ਇਸ ਸਵਾਲ ਦਾ ਉਤਰ ਦਿਓ ਜੇਕਰ ਤੁਸੀਂ ਚੁਣਦੇ ਹੋ।

ਜੇਕਰ ਤੁਹਾਡੇ ਘਰ ਵਿੱਚ ਕੋਈ ਵੀ ਮੈਂਬਰ STATE SUPPLEMENTAL NUTRITION ASSISTANCE PROGRAM (SNAP), ਜਾਂ TEMPORARY ASSSISTANCE FOR NEEDY FAMILIES (TANF) ਲਾਭ ਪ੍ਰਾਪਤ ਨਹੀਂ ਕਰਦਾ ਅਤੇ ਜੇਕਰ ਤੁਹਾਡੇ ਪਰਿਵਾਰ ਵਿੱਚ ਕੋਈ ਵੀ ਬੱਚਾ ਬੇਘਰ, ਪ੍ਰਵਾਸੀ ਜਾਂ ਭਗੌੜਾ ਹੈ, ਤਾਂ ਇਨ੍ਹਾਂ ਹਦਾਇਤਾਂ ਦਾ ਪਾਲਣ ਕਰੋ:

ਭਾਗ ੧: ਸਾਰੇ ਪਰਿਵਾਰਕ ਮੈਂਬਰਾਂ ਅਤੇ ਹਰੇਕ ਬੱਚੇ ਦੇ ਸਕੂਲ ਦੇ ਨਾਮ ਦੀ ਸੂਚੀ ਬਣਾਓ।

ਭਾਗ ੨: ਇਹ ਭਾਗ ਛੱਡ ਦਿਓ।

ਭਾਗ ੩: ਜੇਕਰ ਕੋਈ ਵੀ ਬੱਚਾ ਜਿਸ ਲਈ ਤੁਸੀਂ ਅਰਜੀ ਦੇ ਰਹੇ ਹੋ ਬੇਘਰ, ਪ੍ਰਵਾਸੀ, ਜਾਂ ਭਗੌੜਾ ਹੈ ਸਹੀ ਬਾਕਸ ਨੂੰ ਟਿੱਕ ਕਰੋ ਅਤੇ ਆਪਣੇ ਬੱਚੇ ਦੇ ਸਕੂਲ ਨੂੰ ਕਾਲ ਕਰੋ।

ਭਾਗ ੪: ਕੇਵਲ ਤਦ ਹੀ ਭਰੋ ਜੇਕਰ ਤੁਹਾਡੇ ਪਰਿਵਾਰ ਵਿੱਚ ਇੱਕ ਬੱਚਾ ਭਾਗ ੩ ਦੇ ਤਹਿਤ ਯੋਗ ਨਾ ਹੋਵੇ। ਬਾਕੀ ਸਾਰੇ ਗ੍ਰਹਿਸਥੀਆਂ ਲਈ ਹਦਾਇਤਾਂ ਨੂੰ ਦੇਖੋ।

ਭਾਗ ੫: ਫਾਰਮ ਤੇ ਹਸਤਾਖਰ ਕਰੋ। ਇੱਕ ਸੋਸ਼ਲ ਸਿਕਿਉਰਿਟੀ ਨੰਬਰ ਦੇ ਅੰਤਮ ਚਾਰ ਅੰਕ ਜਰੂਰੀ ਨਹੀਂ ਹਨ ਜੇਕਰ ਤੁਹਾਨੂੰ ਭਾਗ ੪ ਵਿੱਚ ਭਰਨ ਦੀ ਲੋੜ ਨਹੀਂ ਪਈ।

ਭਾਗ ੬: ਇਸ ਸਵਾਲ ਦਾ ਉਤਰ ਦਿਓ ਜੇਕਰ ਤੁਸੀਂ ਚੁਣਦੇ ਹੋ।

ਜੇਕਰ ਤੁਸੀਂ ਧਰਮ ਦੇ ਪੁੱਤਰ ਲਈ ਅਰਜੀ ਦਿੰਦੇ ਹੋ, ਇਨ੍ਹਾਂ ਹਦਾਇਤਾਂ ਦੀ ਪਾਲਣਾਂ ਕਰੋ:

ਜੇਕਰ ਪਰਿਵਾਰ ਵਿੱਚ <u>ਸਾਰੇ</u> ਹੀ ਬੱਚੇ ਧਰਮ ਦੇ ਬੱਚੇ ਹਨ:

ਭਾਗ ੧: ਧਰਮ ਦੇ ਸਾਰੇ ਬੱਚਿਆਂ ਦੀ ਅਤੇ ਹਰੇਕ ਬੱਚੇ ਦੇ ਸਕੂਲ ਦੇ ਨਾਮ ਦੀ ਸੂਚੀ ਬਣਾਓ। ਬਾਕਸ ਤੇ ਟਿੱਕ ਕਰੋ ਜੋ ਦਰਸਾਉਂਦਾ ਹੈ ਕਿ ਬੱਚਾ ਧਰਮ ਦਾ ਬੱਚਾ ਹੈ।

ਭਾਗ ੨: ਇਹ ਭਾਗ ਛੱਡ ਦਿਓ।

ਭਾਗ ੩: ਇਹ ਭਾਗ ਛੱਡ ਦਿਓ।

ਭਾਗ ੪: ਇਹ ਭਾਗ ਛੱਡ ਦਿਓ।

ਭਾਗ ੫: ਫਾਰਮ ਤੇ ਹਸਤਾਖਰ ਕਰੋ। ਇੱਕ ਸੋਸ਼ਲ ਸਿਕਿਉਰਿਟੀ ਨੰਬਰ ਦੇ ਅੰਤਮ ਚਾਰ ਅੰਕ ਜਰੂਰੀ ਨਹੀਂ ਹਨ।

ਭਾਗ ੬: ਇਸ ਸਵਾਲ ਦਾ ਉਤਰ ਦਿਓ ਜੇਕਰ ਤੁਸੀਂ ਦੇਣਾ ਚਾਹੁੰਦੇ ਹੋ।

ਜੇਕਰ ਪਰਿਵਾਰ ਵਿੱਚ ਕੁੱਝ ਕੁ ਬੱਚੇ ਧਰਮ ਦੇ ਬੱਚੇ ਹਨ:

ਭਾਗ ੧: ਸਾਰੇ ਪਰਿਵਾਰਕ ਮੈਂਬਰਾਂ ਅਤੇ ਹਰੇਕ ਬੱਚੇ ਦੇ ਸਕੂਲ ਦੇ ਨਾਮ ਦੀ ਸੂਚੀ ਬਣਾਓ। ਕਿਸੀ ਵੀ ਵਿਅਕਤੀ ਲਈ, ਬੱਚਿਆਂ ਸਮੇਤ, ਬਿਨਾਂ ਆਮਦਨ ਤੋਂ, ਤੁਹਾਨੂੰ "ਨੋ ਇਨਕਮ" ਬਾਕਸ ਤੇ ਟਿੱਕ ਕਰਨਾ ਚਾਹੀਦਾ ਹੈ। ਬਾਕਸ ਨੂੰ ਟਿੱਕ ਕਰੋ ਜੇਕਰ ਬੱਚਾ ਇੱਕ ਧਰਮ ਦਾ ਬੱਚਾ ਹੈ।

ਭਾਗ ੨: ਜੇਕਰ ਪਰਿਵਾਰ ਦਾ ਕੋਈ ਕੇਸ ਨੰਬਰ ਨਹੀਂ ਹੈ, ਇਹ ਭਾਗ ਛੱਡ ਦਿਓ।

ਭਾਗ ੩: ਜੇਕਰ ਕੋਈ ਵੀ ਬੱਚਾ ਜਿਸ ਲਈ ਤੁਸੀਂ ਅਰਜੀ ਦੇ ਰਹੇ ਹੋ ਬੇਘਰ, ਪ੍ਰਵਾਸੀ, ਜਾਂ ਭਗੌੜਾ ਹੈ ਸਹੀ ਬਾਕਸ ਨੂੰ ਟਿੱਕ ਕਰੋ ਅਤੇ ਆਪਣੇ ਬੱਚੇ ਦੇ ਸਕੂਲ ਨੂੰ ਕਾਲ ਕਰੋ। ਜੇਕਰ ਨਹੀਂ, ਇਹ ਭਾਗ ਛੱਡ ਦਿਓ।

ਭਾਗ ੪: ਇਸ ਮਹੀਨੇ ਜਾਂ ਪਿਛਲੇ ਮਹੀਨੇ ਦੀ ਕੁੱਲ ਪਰਿਵਾਰਕ ਆਮਦਨ ਦੀ ਰਿਪੋਰਟ ਕਰਨ ਲਈ ਇਨ੍ਹਾਂ ਹਦਾਇਤਾਂ ਦਾ ਪਾਲਣ ਕਰੋ।

- **ਬਾਕਸ ੧-** ਆਮਦਨੀ ਸਮੇਤ ਸਾਰੇ ਘਰੇਲੂ ਮੈਂਬਰਾਂ ਦੀ ਸੂਚੀ ਬਣਾਓ।
- **ਬਾਕਸ ੨ – ਕੁੱਲ ਆਮਦਨੀ ਅਤੇ ਕਿੰਨੀ ਜ਼ਲਦੀ ਇਹ ਪ੍ਰਾਪਤ ਕੀਤੀ ਗਈ ਸੀ:** ਹਰੇਕ ਘਰੇਲੂ ਮੈਂਬਰ ਲਈ, ਹਰ ਮਹੀਨੇ ਪ੍ਰਾਪਤ ਕੀਤੀ ਗਈ ਹਰੇਕ ਕਿਸਮ ਦੀ ਆਮਦਨੀ ਦੀ ਸੂਚੀ ਬਣਾਓ। ਤੁਹਾਨੂੰ ਸਾਨੂੰ ਦੱਸਣਾ ਜਰੂਰੀ ਹੈ ਕਿ ਕਿੰਨੀ ਜਲਦੀ ਪੈਸਾ ਪ੍ਰਾਪਤ ਕੀਤਾ ਗਿਆ ਹੈ – ਹਰ ਹਫਤੇ, ਹਰੇਕ ਦੂਜੇ ਹਫਤੇ, ਪ੍ਰਤੀ ਮਹੀਨਾ ਦੋ ਵਾਰੀ ਜਾਂ ਮਹੀਨੇ ਬਾਦ।
- ਕਮਾਈ ਲਈ, **ਕੁੱਲ ਆਮਦਨੀ** ਨੂੰ ਦਰਸਾਉਣਾ ਸੁਨਿਸ਼ਚਿਤ ਕਰੋ, ਨਾ ਕਿ ਘਰ-ਲਿਜਾਈ ਤਨਖਾਹ। ਕੁੱਲ ਆਮਦਨ ਟੈਕਸਾਂ ਅਤੇ ਦੂਜੀਆਂ ਕਟੌਤੀਆਂ ਤੋਂ ਬਾਅਦ ਹੋਣ ਵਾਲੀ ਆਮਦਨੀ ਹੈ। ਤੁਹਾਡਾ ਇਸ ਨੂੰ ਆਪਣੀ ਤਨਖਾਹ ਸਲਿੱਪ ਤੇ ਦੇਖਣ ਦੇ ਯੋਗ ਹੋਣਾ ਚਾਹੀਦਾ ਹੈ ਜਾਂ ਤੁਹਾਡਾ ਅਫਸਰ ਤੁਹਾਨੂੰ ਦੱਸ ਸਕਦਾ ਹੈ। ਦੂਜੀ ਆਮਦਨ ਲਈ, ਉਸ ਰਾਸ਼ੀ ਦੀ ਸੂਚੀ ਬਣਾਓ ਜੋ ਹਰੇਕ ਵਿਅਕਤੀ ਭਲਾਈ, ਬੱਚੇ ਦੀ ਸਹਾਇਤਾ, ਨਿਰਵਾਹ ਭੱਤਾ, ਪੈਨਸ਼ਨਾਂ, ਰਿਟਾਇਰਮੈਂਟ, ਸੋਸ਼ਲ ਸਿਕਿਉਰਿਟੀ, ਸਪਲੀਮੈਂਟਲ ਸਿਕਿਉਰਿਟੀ ਇਨਕਮ (SSI), ਅਨੁਭਵ ਦੇ ਲਾਭ (VA ਲਾਭ), ਅਤੇ ਅਪੰਗਤਾ ਤੋਂ ਪ੍ਰਾਪਤ ਕਰਦਾ ਹੈ।
- **ਹੋਰ ਸਾਰੀਆਂ ਆਮਦਨੀ ਤਹਿਤ**, ਕਾਮਿਆਂ ਦੇ ਮੁਆਵਜੇ, ਬੇਰੁਜਗਾਰੀ ਜਾਂ ਹੜਤਾਲ ਭੱਤਿਆਂ, ਲੋਕਾਂ ਵਲੋਂ ਨਿਯਮਿਤ ਯੋਗਦਾਨਾਂ ਲਈ ਸੂਚੀ ਬਣਾਓ ਜਿਹੜੇ ਤੁਹਾਡੇ ਘਰ ਵਿੱਚ ਨਹੀਂ ਰਹਿੰਦੇ ਹਨ, ਅਤੇ ਕੋਈ ਵੀ ਦੂਜੀ ਆਮਦਨੀ। ਪਰਿਵਾਰ ਦੁਆਰਾ SNAP, FDPIR, WIC, ਫੈਡਰਲ ਐਜੂਕੇਸ਼ਨ ਲਾਭ ਅਤੇ ਪਲੇਸਿੰਗ ਏਜੰਸੀ ਕੋਲੋਂ ਧਰਮ ਪੁੱਤਰ ਵਾਲੀਆਂ ਅਦਾਇਗੀਆਂ ਵਾਲੀਆਂ ਆਮਦਨੀਆਂ ਸ਼ਾਮਲ ਨਹੀਂ ਹੁੰਦੀਆਂ। ਕੇਵਲ ਸਵੈ-ਰੁਜਗਾਰ ਲਈ, ਕੰਮ ਤੋਂ ਆਮਦਨੀਆਂ ਤਹਿਤ, ਖਰਚਿਆਂ ਤੋਂ ਬਾਅਦ ਆਮਦਨੀ ਬਿਆਨ ਕਰੋ। ਇਹ ਤੁਹਾਡੇ ਕਾਰੋਬਾਰ, ਫਾਰਮ, ਜਾਂ ਕਿਰਾਏ ਦੀ ਜਾਇਦਾਦ ਲਈ ਹੈ। ਜੇਕਰ ਤੁਸੀਂ ਮਿਲਟਰੀ ਪ੍ਰਾਈਵੇਟਾਇਜਡ ਹਾਊਸਿੰਗ ਯਤਨ ਵਿੱਚ ਆਉਂਦੇ ਹੋ ਜਾਂ ਲੜਾਈ ਵਾਲੀ ਤਨਖਾਹ ਲੈਂਦੇ ਹੋ, ਇਨ੍ਹਾਂ ਭੱਤਿਆਂ ਨੂੰ ਆਮਦਨੀ ਵਜੋਂ ਸ਼ਾਮਲ ਨਾ ਕਰੋ।

ਭਾਗ ੫: ਬਾਲਗ ਪਰਿਵਾਰਕ ਮੈਂਬਰ ਨੂੰ ਫਾਰਮ ਤੇ ਹਸਤਾਖਰ ਕਰਨੇ ਚਾਹੀਦੇ ਅਤੇ ਉਨ੍ਹਾਂ ਦੇ ਸੋਸ਼ਲ ਸਿਕਿਉਰਿਟੀ ਨੰਬਰ ਦੀ ਅੰਤਮ ਚਾਰ ਅੰਕਾਂ ਦੀ ਸੂਚੀ ਬਣਾਓ (ਜਾਂ ਬਾਕਸ ਤੇ ਨਿਸ਼ਾਨ ਲਗਾਓ ਜੇਕਰ ਅਸੀ ਉਸ ਕੋਲ ਇਹ ਨਹੀਂ ਹਨ)।

ਭਾਗ ੬: ਇਸ ਸਵਾਲ ਦਾ ਉਤਰ ਦਿਓ, ਜੇਕਰ ਤੁਸੀਂ ਚੁਣਦੇ ਹੋ।

ਹੋਰ ਸਾਰੇ ਪਰਿਵਾਰਕ ਮੈਂਬਰ, WIC ਪਰਿਵਾਰਕ ਮੈਂਬਰਾਂ ਦੇ ਸਮੇਤ, ਇਨ੍ਹਾਂ ਹਦਾਇਤਾਂ ਦਾ ਪਾਲਣ ਕਰੋ:

ਭਾਗ ੧: ਸਾਰੇ ਪਰਿਵਾਰਕ ਮੈਂਬਰਾਂ ਅਤੇ ਹਰੇਕ ਬੱਚੇ ਦੇ ਸਕੂਲ ਦੇ ਨਾਮ ਦੀ ਸੂਚੀ ਬਣਾਓ। ਕਿਸੀ ਵੀ ਵਿਅਕਤੀ ਲਈ, ਬੱਚਿਆਂ ਸਮੇਤ, ਬਿਨਾਂ ਆਮਦਨ ਤੋਂ, ਤੁਹਾਨੂੰ "ਨੋ ਇਨਕਮ" ਬਾਕਸ ਤੇ ਟਿੱਕ ਕਰਨਾ ਪੈਣਾ ਹੈ।

ਭਾਗ ੨: ਜੇਕਰ ਪਰਿਵਾਰ ਦਾ ਕੋਈ ਕੇਸ ਨੰਬਰ ਨਹੀਂ ਹੈ, ਇਹ ਭਾਗ ਛੱਡ ਦਿਓ।

ਭਾਗ ੩: ਜੇਕਰ ਕੋਈ ਵੀ ਬੱਚਾ ਜਿਸ ਲਈ ਤੁਸੀਂ ਅਰਜੀ ਦੇ ਰਹੇ ਹੋ ਬੇਘਰ, ਪ੍ਰਵਾਸੀ, ਜਾਂ ਭਗੌੜਾ ਹੈ ਸਹੀ ਬਾਕਸ ਨੂੰ ਟਿੱਕ ਕਰੋ ਅਤੇ ਆਪਣੇ ਬੱਚੇ ਦੇ ਸਕੂਲ ਨੂੰ ਕਾਲ ਕਰੋ। ਜੇਕਰ ਨਹੀਂ, ਇਹ ਭਾਗ ਛੱਡ ਦਿਓ।

ਭਾਗ ੪: ਇਸ ਮਹੀਨੇ ਜਾਂ ਪਿਛਲੇ ਮਹੀਨੇ ਦੀ ਕੁੱਲ ਪਰਿਵਾਰਕ ਆਮਦਨ ਦੀ ਰਿਪੋਰਟ ਕਰਨ ਲਈ ਇਨ੍ਹਾਂ ਹਦਾਇਤਾਂ ਦਾ ਪਾਲਣ ਕਰੋ।

- **ਬਾਕਸ ੧-** ਆਮਦਨੀ ਸਮੇਤ ਸਾਰੇ ਪਰਿਵਾਰਕ ਮੈਂਬਰਾਂ ਦੀ ਸੂਚੀ ਬਣਾਓ।
- **ਬਾਕਸ ੨ – ਕੁੱਲ ਆਮਦਨੀ ਅਤੇ ਕਿੰਨੀ ਜ਼ਲਦੀ ਇਹ ਪ੍ਰਾਪਤ ਕੀਤੀ ਗਈ ਸੀ:** ਹਰੇਕ ਘਰੇਲੂ ਮੈਂਬਰ ਲਈ, ਹਰ ਮਹੀਨੇ ਪ੍ਰਾਪਤ ਕੀਤੀ ਗਈ ਹਰੇਕ ਕਿਸਮ ਦੀ ਆਮਦਨੀ ਦੀ ਸੂਚੀ ਬਣਾਓ। ਤੁਹਾਨੂੰ ਸਾਨੂੰ ਦੱਸਣਾ ਜਰੂਰੀ ਹੈ ਕਿ ਕਿੰਨੀ ਜਲਦੀ ਪੈਸਾ ਪ੍ਰਾਪਤ ਕੀਤਾ ਗਿਆ ਹੈ – ਹਰ ਹਫਤੇ, ਹਰੇਕ ਦੂਜੇ ਹਫਤੇ, ਪ੍ਰਤੀ ਮਹੀਨਾ ਦੋ ਵਾਰੀ ਜਾਂ ਮਹੀਨੇ ਬਾਦ। ਕਮਾਈ ਲਈ, **ਕੁੱਲ ਆਮਦਨੀ** ਨੂੰ ਦਰਸਾਉਣਾ ਸੁਨਿਸ਼ਚਿਤ ਕਰੋ, ਨਾ ਕਿ ਘਰ-ਲਿਜਾਈ ਤਨਖਾਹ ਨੂੰ। ਕੁੱਲ ਆਮਦਨ ਟੈਕਸਾਂ ਅਤੇ ਦੂਜੀਆਂ ਕਟੌਤੀਆਂ ਤੋਂ ਬਾਅਦ ਹੋਣ ਵਾਲੀ ਆਮਦਨੀ ਹੈ। ਤੁਹਾਡਾ ਇਸ ਨੂੰ ਆਪਣੀ ਤਨਖਾਹ ਸਲਿੱਪ ਤੇ ਦੇਖਣ ਦੇ ਯੋਗ ਹੋਣਾ ਚਾਹੀਦਾ ਹੈ ਜਾਂ ਤੁਹਾਡਾ ਅਫਸਰ ਤੁਹਾਨੂੰ ਦੱਸ ਸਕਦਾ ਹੈ।
- **ਦੂਜੀ ਆਮਦਨ ਲਈ,** ਉਸ ਰਾਸ਼ੀ ਦੀ ਸੂਚੀ ਬਣਾਓ ਜੋ ਹਰੇਕ ਵਿਅਕਤੀ ਭਲਾਈ, ਬੱਚੇ ਦੀ ਸਹਾਇਤਾ, ਨਿਰਵਾਹ ਭੱਤਾ, ਪੈਨਸ਼ਨਾਂ, ਰਿਟਾਇਰਮੈਂਟ, ਸੋਸ਼ਲ ਸਿਕਿਉਰਿਟੀ, ਸਪਲੀਮੈਂਟਲ ਸਿਕਿਉਰਿਟੀ ਇਨਕਮ (SSI), ਅਨੁਭਵ ਦੇ ਲਾਭ (VA ਲਾਭ), ਅਤੇ ਅਪੰਗਤਾ ਤੋਂ ਪ੍ਰਾਪਤ ਕਰਦਾ ਹੈ। ***ਹੋਰ ਸਾਰੀਆਂ ਆਮਦਨੀ ਤਹਿਤ***, ਕਾਮਿਆਂ ਦੇ ਮੁਆਵਜੇ, ਬੇਰੁਜਗਾਰੀ ਜਾਂ ਹੜਤਾਲ ਭੱਤਿਆਂ, ਲੋਕਾਂ ਵਲੋਂ ਨਿਯਮਿਤ ਯੋਗਦਾਨਾਂ ਲਈ ਸੂਚੀ ਬਣਾਓ ਜਿਹੜੇ ਤੁਹਾਡੇ ਘਰ ਵਿੱਚ ਨਹੀਂ ਰਹਿੰਦੇ ਹਨ, ਅਤੇ ਕੋਈ ਵੀ ਦੂਜੀ ਆਮਦਨੀ। ਪਰਿਵਾਰ ਦੁਆਰਾ SNAP, FDPIR, WIC, ਫੈਡਰਲ ਐਜੂਕੇਸ਼ਨ ਲਾਭ ਅਤੇ ਪਲੇਸਿੰਗ ਏਜੰਸੀ ਕੋਲੋਂ ਧਰਮ ਪੁੱਤਰ ਵਾਲੀਆਂ ਅਦਾਇਗੀਆਂ ਵਾਲੀਆਂ ਆਮਦਨੀਆਂ ਸ਼ਾਮਲ ਨਾ ਕਰੋ। ਕੇਵਲ ਸਵੈ-ਰੁਜਗਾਰ ਲਈ, ਕੰਮ ਤੋਂ ਆਮਦਨੀਆਂ ਤਹਿਤ, ਖਰਚਿਆਂ ਤੋਂ ਬਾਅਦ ਆਮਦਨੀ ਬਿਆਨ ਕਰੋ। ਇਹ ਤੁਹਾਡੇ ਕਾਰੋਬਾਰ, ਫਾਰਮ, ਜਾਂ ਕਿਰਾਏ ਦੀ ਜਾਇਦਾਦ ਲਈ ਹੈ। SNAP, FDPIR, WIC, ਫੈਡਰਲ ਐਜੂਕੇਸ਼ਨ ਲਾਭ ਤੋਂ ਪ੍ਰਾਪਤ ਆਮਦਨੀ ਸ਼ਾਮਲ ਨਾ ਕਰੋ। ਜੇਕਰ ਤੁਸੀਂ ਮਿਲਟਰੀ ਪ੍ਰਾਈਵੇਟਾਇਜਡ ਹਾਊਸਿੰਗ ਯਤਨ ਵਿੱਚ ਆਉਂਦੇ ਹੋ ਜਾਂ ਲੜਾਈ ਵਾਲੀ ਤਨਖਾਹ ਲੈਂਦੇ ਹੋ, ਇਨ੍ਹਾਂ ਭੱਤਿਆਂ ਨੂੰ ਆਮਦਨੀ ਵਜੋਂ ਸ਼ਾਮਲ ਨਾ ਕਰੋ।

ਭਾਗ ੫: ਬਾਲਗ ਪਰਿਵਾਰਕ ਮੈਂਬਰ ਨੂੰ ਫਾਰਮ ਤੇ ਹਸਤਾਖਰ ਕਰਨੇ ਚਾਹੀਦੇ ਅਤੇ ਉਨ੍ਹਾਂ ਦੇ ਸੋਸ਼ਲ ਸਿਕਿਉਰਿਟੀ ਨੰਬਰ ਦੀ ਅੰਤਮ ਚਾਰ ਅੰਕਾਂ ਦੀ ਸੂਚੀ ਬਣਾਓ (ਜਾਂ ਬਾਕਸ ਤੇ ਨਿਸ਼ਾਨ ਲਗਾਓ ਜੇਕਰ ਉਸ ਕੋਲ ਇਹ ਨਹੀਂ ਹਨ)।

ਭਾਗ ੬: ਇਸ ਸਵਾਲ ਦਾ ਉਤਰ ਦਿਓ, ਜੇਕਰ ਤੁਸੀਂ ਚੁਣਦੇ ਹੋ।

ਮੁਫਤ ਅਤੇ ਸਸਤਾ ਸਕੂਲੀ ਭੋਜਨ ਪਰਿਵਾਰਕ ਬਿਨੈਪੱਤਰ

ਭਾਗ ੧. ਪਰਿਵਾਰ ਦੇ ਸਾਰੇ ਮੈਂਬਰ

ਸਾਰੇ ਪਰਿਵਾਰਕ ਮੈਂਬਰਾਂ ਦੇ ਨਾਮ (ਪਹਿਲਾ, ਵਿਚਕਾਰਲਾ ਨਾਮ, ਅੰਤਮ)	ਹਰੇਕ ਸਕੂਲੀ ਬੱਚੇ ਦਾ ਨਾਮ/ ਜਾਂ "NA" ਲਿਖੋ ਜੇਕਰ ਬੱਚਾ ਸਕੂਲ ਵਿੱਚ ਨਹੀਂ ਹੈ	*ਟਿੱਕ ਕਰੋ ਜੇਕਰ ਇੱਕ ਮਤਵੰਨਾ ਬੱਚਾ ਹੈ (ਭਲਾਈ ਏਜੰਸੀ ਜਾਂ ਅਦਾਲਤ ਦੀ ਕਾਨੂੰਨੀ ਜਿੰਮੇਵਾਰੀ)* ** ਜੇਕਰ ਹੇਠਾਂ ਦਰਸਾਏ ਸਾਰੇ ਬੱਚੇ ਮਤਵੰਨੇ ਬੱਚੇ ਹਨ, ਇਸ ਫਾਰਮ ਨੂੰ ਹਸਤਾਖਰ ਕਰਨ ਲਈ ਭਾਗ ੫ ਤੇ ਜਾਓ।*	*ਟਿੱਕ ਕਰੋ ਜੇਕਰ ਕੋਈ ਆਮਦਨ ਨਹੀਂ ਹੈ*
		❑	❑
		❑	❑
		❑	❑
		❑	❑
		❑	❑
		❑	❑

ਭਾਗ ੨. ਲਾਭ

ਜੇਕਰ ਤੁਹਾਡੇ ਪਰਿਵਾਰ ਦਾ ਕੋਈ ਵੀ ਮੈਂਬਰ **[SNAP], [FDPIR]** ਜਾਂ **[TANF Cash Assistance]** ਪ੍ਰਾਪਤ ਕਰਦਾ ਹੈ, ਉਸ ਵਿਅਕਤੀ ਦਾ ਨਾਮ ਅਤੇ ਕੇਸ ਨੰਬਰ ਦੱਸੋ ਜਿਹੜਾ ਲਾਭ ਪ੍ਰਾਪਤ ਕਰਦਾ ਹੈ ਅਤੇ **ਭਾਗ ੫ ਤੇ ਜਾਓ। ਜੇਕਰ ਕੋਈ ਵੀ ਵਿਅਕਤੀ ਲਾਭ ਨਹੀਂ ਲੈਂਦਾ ਹੈ, ਭਾਗ ੩ ਤੇ ਜਾਓ।**

ਨਾਮ:_____ ਕੇਸ ਨੰਬਰ: _____

ਭਾਗ ੩. ਜੇਕਰ ਕੋਈ ਵੀ ਬੱਚਾ ਜਿਸ ਲਈ ਤੁਸੀਂ ਅਰਜੀ ਦੇ ਰਹੇ ਹੋ ਬੇਘਰ, ਪ੍ਰਵਾਸੀ, ਜਾਂ ਭਗੌੜਾ ਹੈ ਸਹੀ ਬਾਕਸ ਨੂੰ ਟਿੱਕ ਕਰੋ ਅਤੇ ਆਪਣੇ ਬੱਚੇ ਦੇ ਸਕੂਲ ਨਾਲ ਗੱਲ ਕਰੋ।
ਬੇਘਰ ❑ ਪ੍ਰਵਾਸੀ ❑ ਭਗੌੜਾ ❑

ਭਾਗ ੪. ਕੁੱਲ ਪਰਿਵਾਰਕ ਆਮਦਨ ਦਾ ਜੋੜ। ਤੁਹਾਨੂੰ ਸਾਨੂੰ ਦੱਸਣਾ ਚਾਹੀਦਾ ਹੈ ਕਿੰਨੀ ਅਤੇ ਕਿੰਨੇ ਕਿੰਨੇ ਸਮੇਂ ਬਾਅਦ

1. ਨਾਮ (ਆਮਦਨ ਸਮੇਤ ਕੇਵਲ ਪਰਿਵਾਰਕ ਮੈਂਬਰਾਂ ਦੀ ਸੂਚੀ ਬਣਾਓ)	2. ਕੁੱਲ ਆਮਦਨ ਅਤੇ ਕਿੰਨੇ ਕਿੰਨੇ ਸਮੇਂ ਬਾਅਦ ਇਹ ਪ੍ਰਾਪਤ ਕੀਤੀ ਸੀ			
	ਕੰਮ ਦੁਆਰਾ ਕਟੌਤੀਆਂ ਤੋਂ ਪਹਿਲਾਂ ਆਮਦਨੀਆਂ	ਭਲਾਈ, ਬੱਚਾ ਸਹਾਇਤਾ, ਗੁਜਾਰਾ	ਪੈਨਸ਼ਨਾਂ, ਰਿਟਾਇਰਮੈਂਟ, ਸੋਸ਼ਿਲ ਸਿਕਿਉਰਿਟੀ, SSI, VA ਲਾਭ	ਦੂਜੀ ਸਾਰੀ ਆਮਦਨ
(ਉਦਾਹਰਣ) ਜੇਨ ਸਮਿੱਥ	$199.99/ਹਫਤਾ	$149.99/ਹਰੇਕ ਦੂਜੇ ਹਫਤੇ	$99.99/ਮਾਸਿਕ	$50.00/ਮਾਸਿਕ
	$____/_____	$____/_____	$____/_____	$____/_____
	$____/_____	$____/_____	$____/_____	$____/_____
	$____/_____	$____/_____	$____/_____	$____/_____
	$____/_____	$____/_____	$____/_____	$____/_____
	$____/_____	$____/_____	$____/_____	$____/_____
	$____/_____	$____/_____	$____/_____	$____/_____

ਭਾਗ ੫. ਹਸਤਾਖਰ ਅਤੇ ਸੋਸ਼ਲ ਸਿਕਿਉਰਿਟੀ ਨੰਬਰ ਦੇ ਅੰਤਮ ਚਾਰ ਅੰਕ (ਬਾਲਗਾਂ ਨੂੰ ਹਸਤਾਖਰ ਕਰਨੇ ਜਰੂਰੀ ਹਨ)

ਬਾਲਗ ਪਰਿਵਾਰਕ ਮੈਂਬਰ ਨੂੰ ਹਸਤਾਖਰ ਕਰਨੇ ਜਰੂਰੀ ਹਨ। **ਜੇਕਰ ਭਾਗ ੪ ਪੂਰਾ ਹੋ ਗਿਆ ਹੈ, ਹਸਤਾਖਰ ਕਰਨ ਵਾਲੇ ਬਾਲਗ ਨੂੰ ਆਪਣੇ ਸੋਸ਼ਲ ਸਿਕਿਉਰਿਟੀ ਨੰਬਰ ਦੇ ਅੰਤਮ ਚਾਰ ਅੰਕ ਲਿਖਣੇ ਵੀ ਜਰੂਰੀ ਹਨ ਜਾਂ "ਮੇਰੇ ਕੋਲ਼ ਸੋਸ਼ਲ ਸਿਕਿਉਰਿਟੀ ਨੰਬਰ ਨਹੀਂ ਹੈ" ਤੇ ਨਿਸ਼ਾਨ ਲਗਾਓ।** (ਕਥਨ ਇਸ ਸਫੇ ਦੇ ਪਿਛਲੇ ਪਾਸੇ ਦੇਖੋ।)

ਮੈਂ ਤਸਦੀਕ (ਵਾਅਦਾ) ਕਰਦਾ ਹਾਂ ਕਿ ਇਸ ਫਾਰਮ ਤੇ ਦਿੱਤੀ ਗਈ ਸਾਰੀ ਜਾਣਕਾਰੀ ਸਹੀ ਹੈ ਅਤੇ ਇਹ ਕਿ ਸਾਰੀ ਆਮਦਨੀ ਦੱਸੀ ਗਈ ਹੈ। ਮੈਂ ਸਮਝਦਾ ਹਾਂ ਕਿ ਮੇਰੇ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਆਧਾਰ ਤੇ ਸਕੂਲ ਫੈਡਰਲ ਰਾਸ਼ੀਆਂ ਪ੍ਰਾਪਤ ਕਰੇਗਾ, ਮੈਂ ਸਮਝਦਾ ਹਾਂ ਕਿ ਸਕੂਲ ਦੇ ਅਧਿਕਾਰੀ ਜਾਣਕਾਰੀ ਦੀ ਪੜਤਾਲ (ਚੈਕ) ਕਰ ਸਕਦੇ ਹਨ, ਮੈਂ ਸਮਝਦਾ ਹਾਂ ਕਿ ਜੇਕਰ ਮੈਂ ਜਾਣਬੁੱਝ ਕੇ ਗਲਤ ਜਾਣਕਾਰੀ ਦਿੱਤੀ, ਮੇਰੇ ਬੱਚੇ ਲਈ ਭੋਜਨ ਲਾਭ ਖਤਮ ਹੋ ਸਕਦੇ ਹਨ, ਅਤੇ ਮੇਰੇ ਉਪਰ ਮੁਕੱਦਮਾ ਹੋ ਸਕਦਾ ਹੈ।

ਇੱਥੇ ਹਸਤਾਖਰ ਕਰੋ: _____ ਪ੍ਰਿੰਟ ਨਾਮ: _____

ਤਾਰੀਖ:_____

ਪਤਾ: _____ ਫੋਨ ਨੰਬਰ:_____

ਸ਼ਹਿਰ: _____ ਪ੍ਰਾਂਤ: _____ ਜਿੱਪ ਕੋਡ: _____

ਸੋਸ਼ਲ ਸਿਕਿਉਰਿਟੀ ਨੰਬਰ ਦੇ ਅੰਤਮ ਚਾਰ ਅੰਕ: * * * - * * - __ __ __ __ ❑ ਮੇਰੇ ਕੋਲ ਸੋਸ਼ਲ ਸਿਕਿਉਰਿਟੀ ਨੰਬਰ ਨਹੀਂ ਹੈ

ਭਾਗ ੬. ਬੱਚੇ ਦੀ ਜਾਤ ਅਤੇ ਵੰਸ਼ ਦੀਆਂ ਪਛਾਣਾਂ (ਵਿਕਲਪਿਕ)

ਇੱਕ ਜਾਤ ਚੁਣੋ:	*ਇੱਕ ਜਾਂ ਜਿਆਦਾ ਚੁਣੋ (ਜਾਤ ਦੇ ਬਾਵਜੂਦ):*
○ ਹਿਸਪੈਨਿਕ/ ਲੈਟਿਨੋ	❑ ਏਸ਼ੀਅਨ ❑ ਅਮਰੀਕਨ ਭਾਰਤੀ ਜਾਂ ਅਲਾਸਕਾ ਦੇ ਵਾਸੀ ❑ ਕਾਲੇ ਜਾਂ ਅਫਰੀਕਨ ਅਮਰੀਕਨ
○ ਗੈਰ ਹਿਸਪੈਨਿਕ /ਲੈਟਿਨੋ	❑ ਗੋਰੇ ❑ ਸਵਦੇਸ਼ੀ ਹਵਾਈਅਨ ਜਾਂ ਦੂਜੇ ਪੈਸੀਫਿਕ ਦੀਪ ਦੇ ਵਾਸੀ

ਇਹ ਭਾਗ ਨਾ ਭਰੋ। ਇਹ ਕੇਵਲ ਸਕੂਲ ਦੀ ਵਰਤੋਂ ਲਈ ਹੈ।

Annual Income Conversion: Weekly x 52, Every 2 Weeks x 26, Twice A Month x 24 Monthly x 12

Total Income: _____ Per: ○ Week, ○ Every 2 Weeks, ○ Twice A Month, ○ Month, ○ Year; Household size: _____

Categorical Eligibility: ❑

Eligibility: Free ○ Reduced ○ Denied ○

Determining Official's Signature: _____ Date: _____

Confirming Official's Signature: _____ Date: _____

Verifying Official's Signature: _____ Date: _____

ਤੁਹਾਡੇ ਬੱਚੇ ਮੁਫਤ ਜਾਂ ਸਸਤੇ ਭੋਜਨ ਲਈ ਯੋਗ ਹੋ ਸਕਦੇ ਹਨ ਜੇਕਰ ਤੁਹਾਡੀ ਪਰਿਵਾਰਕ ਆਮਦਨੀ ਇਸ ਵੈਬਸਾਇਟ ਤੇ ਦਿਖਾਈਆਂ ਸੀਮਾਵਾਂ ਤੋਂ ਘੱਟ ਜਾਂ ਉਸ ਦੇ ਬਰਾਬਰ ਹੈ: http://www.fns.usda.gov/cnd/governance/notices/iegs/RPieg.pdf

---

ਰਿਚਰਡ ਬੀ. ਰੁਸੇਲ ਨੈਸ਼ਨਲ ਸਕੂਲ ਲੰਚ ਐਕਟ ਇਸ ਬਿਨੈਪੱਤਰ ਤੇ ਜਾਣਕਾਰੀ ਦੀ ਮੰਗ ਕਰਦਾ ਹੈ। ਤੁਹਾਨੂੰ ਜਾਣਕਾਰੀ ਮੁਹਈਆ ਨਹੀਂ ਕਰਨੀ ਪੈਂਦੀ, ਪਰ ਜੇਕਰ ਤੁਸੀਂ ਨਹੀਂ ਦਿੰਦੇ ਹੋ, ਅਸੀਂ ਤੁਹਾਡੇ ਬੱਚੇ ਨੂੰ ਮੁਫਤ ਜਾਂ ਸਸਤੇ ਭੋਜਨ ਲਈ ਮਨਜ਼ੂਰ ਨਹੀਂ ਕਰ ਸਕਦੇ। ਤੁਹਾਨੂੰ ਉਸ ਪਰਿਵਾਰ ਦੇ ਬਾਲਗ ਮੈਂਬਰ ਦੇ ਸੋਸ਼ਲ ਸਿਕਿਉਰਿਟੀ ਨੰਬਰ ਦੇ ਅੰਤਮ ਚਾਰ ਅੰਕ ਦਾਖਲ ਕਰਨੇ ਜਰੂਰੀ ਹਨ ਜਿਹੜਾ ਬਿਨੈਪੱਤਰ ਤੇ ਹਸਤਾਖਰ ਕਰਦਾ ਹੈ। ਸੋਸ਼ਲ ਸਿਕਿਉਰਿਟੀ ਨੰਬਰ ਦੇ ਅੰਤਮ ਚਾਰ ਅੰਕਾਂ ਦੀ ਜਰੂਰਤ ਉਦੋਂ ਨਹੀਂ ਹੁੰਦੀ ਜਦੋਂ ਤੁਸੀਂ ਇੱਕ ਧਰਮ ਦੇ ਪੁੱਤਰ ਦੇ ਆਧਾਰ ਤੇ ਬਿਨੈਪੱਤਰ ਦਿੰਦੇ ਹੋ ਜਾਂ ਜਦੋਂ ਤੁਸੀਂ ਸਪਲੀਮੈਂਟਲ ਨਿਉਟਰੀਸ਼ੀਓਨ ਅਸਿਸਟੈਂਸ ਪ੍ਰੋਗਰਾਮ(SNAP), ਟੈਂਪਰੇਰੀ ਅਸਿਸਟੈਂਸ ਫਾਰ ਨੀਡੀ ਫੈਮਿਲੀਜ (TANF) ਪ੍ਰੋਗਰਾਮ ਜਾਂ ਫੂਡ ਡਿਸਟਰੀਬਿਊਸ਼ਨ ਪ੍ਰੋਗਰਾਮ ਆਨ ਇੰਡੀਅਨ ਰਿਜਰਵੇਸ਼ਨ (FDPIR)ਕੇਸ ਨੰਬਰ ਜਾਂ ਤੁਹਾਡੇ ਬੱਚੇ ਲਈ ਹੋਰ FDPIR ਪਛਾਣ ਕਰਤਾ ਦੀ ਸੂਚੀ ਵਿੱਚ ਆਉਂਦੇ ਹੋ ਜਾਂ ਜਦੋਂ ਤੁਸੀਂ ਦਰਸਾਉਂਦੇ ਹੋ ਕਿ ਬਿਨੈਪੱਤਰ ਤੇ ਹਸਤਾਖਰ ਕਰਨ ਵਾਲੇ ਬਾਲਗ ਦਾ ਸੋਸ਼ਲ ਸਿਕਿਉਰਿਟੀ ਨੰਬਰ ਮੌਜੂਦ ਨਹੀਂ ਹੈ। ਅਸੀਂ ਤੁਹਾਡੀ ਜਾਣਕਾਰੀ ਦੀ ਵਰਤੋਂ ਸੁਨਿਸ਼ਚਿਤ ਕਰਨ ਲਈ ਕਰਾਂਗੇ ਕੀ ਤੁਹਾਡਾ ਬੱਚਾ ਮੁਫਤ ਜਾਂ ਸਸਤਾ ਭੋਜਨ ਲੈਣ ਲਈ ਯੋਗ ਹੈ, ਅਤੇ ਲੰਚ ਅਤੇ ਨਾਸ਼ਤੇ ਦੇ ਪ੍ਰੋਗਰਾਮਾਂ ਦੇ ਪ੍ਰਬੰਧ ਕਰਨ ਅਤੇ ਲਾਗੂ ਕਰਨ ਲਈ। ਅਸੀਂ ਤੁਹਾਡੀ ਯੋਗਤਾ ਜਾਣਕਾਰੀ ਨੂੰ ਵਿੱਦਿਆ, ਸਿਹਤ, ਅਤੇ ਪੋਸ਼ਣ ਪ੍ਰੋਗਰਾਮਾਂ ਨਾਲ ਉਨ੍ਹਾਂ ਦੇ ਮੁਲਾਂਕਣ, ਫੰਡ, ਜਾਂ ਉਨ੍ਹਾਂ ਦੇ ਪ੍ਰੋਗਰਾਮਾਂ ਲਈ ਲਾਭਾਂ ਨੂੰ ਸੁਨਿਸ਼ਚਿਤ ਕਰਨ, ਪ੍ਰੋਗਰਾਮ ਦੁਹਰਾਈਆਂ ਲਈ ਲੇਖਾਕਾਰਾਂ, ਅਤੇ ਕਾਨੂੰਨ ਲਾਗੂ ਕਰਾਉਣ ਵਾਲੇ ਅਧਿਕਾਰੀਆਂ ਦੀ ਮਦਦ ਕਰਨ ਲਈ ਪ੍ਰੋਗਰਾਮ ਨਿਯਮਾਂ ਦੀ ਉਲੰਘਣਾਂ ਨੂੰ ਦੇਖਣ ਲਈ ਸਾਂਝਾ ਕਰ ਸਕਦੇ ਹਾਂ।

ਭੇਦਭਾਵ-ਰਹਿਤ ਸਟੇਟਮੈਂਟ: ਇਹ ਦਰਸਾਉਂਦਾ ਹੈ ਕੀ ਕਰਨਾ ਹੈ ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਲ ਅਣਉਚਿਤ ਵਤੀਰਾ ਹੋਇਆ ਹੈ। "ਫੈਡਰਲ ਨਿਯਮ ਅਤੇ ਖੇਤੀਬਾੜੀ ਨੀਤੀ ਦੇ ਯੂ. ਐਸ. ਵਿਭਾਗ ਦੇ ਅਨੁਸਾਰ, ਇਸ ਅਦਾਰੇ ਨੂੰ ਜਾਤ, ਰੰਗ, ਰਾਸ਼ਟਰੀ ਮੂਲ, ਲਿੰਗ, ਉਮਰ, ਜਾਂ ਅਪੰਗਤਾ ਦੇ ਅਧਾਰ ਤੇ ਭੇਦਭਾਵ ਕਰਨ ਦੀ ਮਨਾਹੀ ਹੈ, ਲਿਖੋ USDA, Director, Office of Adjudication, 1400 Independence Avenue, SW, Washington, D.C. 20250-9410 ਜਾਂ ਟੋਲ ਫ੍ਰੀ ਨੰਬਰ (866) 632-9992 (ਅਵਾਜ) ਤੇ ਗੱਲ ਕਰੋ। ਉਹ ਵਿਅਕਤੀ ਜਿਹੜੇ ਸੁਣਨ ਤੋਂ ਅਪਾਹਜ ਹਨ ਜਾਂ ਬੋਲਣ ਤੋਂ ਅਸਮਰੱਥ ਹਨ ਉਹ (800) 877-8339; ਜਾਂ (800) 845-6136 (ਸਪੈਨਿਸ਼) ਤੇ ਫੈਡਰਲ ਰਿਲੇਅ ਸੇਵਾ ਦੁਆਰਾ USDA ਨਾਲ ਸੰਪਰਕ ਕਰ ਸਕਦੇ ਹਨ। USDA ਇੱਕ ਬਰਾਬਰ ਮੌਕੇ ਪ੍ਰਦਾਨ ਕਰਨ ਵਾਲਾ ਅਤੇ ਮਾਲਕ ਹੈ।

MEDICAID/SCHIP ਨਾਲ਼ ਜਾਣਕਾਰੀ ਸਾਂਝੀ ਕਰਨਾ

ਪਿਆਰੇ ਮਾਤਾ-ਪਿਤਾ/ ਵਾਰਸੋ:

ਜੇਕਰ ਤੁਹਾਡੇ ਬੱਚੇ ਮੁਫਤ ਜਾਂ ਸਸਤਾ ਸਕੂਲੀ ਭੋਜਨ ਲੈਂਦੇ ਹਨ, ਉਹ ਮੈਡੀਕੇਡ ਜਾਂ ਸਟੇਟ ਚਿਲਡਰਨ ਹੈਲਥ ਇੰਸ਼ੂਰੈਂਸ ਪ੍ਰੋਗਰਾਮ ਦੁਆਰਾ(SCHIP) ਮੁਫਤ ਜਾਂ ਘੱਟ-ਲਾਗਤ ਤੇ ਸਿਹਤ ਬੀਮੇ ਨੂੰ ਪ੍ਰਾਪਤ ਕਰਨ ਦੇ ਯੋਗ ਹੁੰਦੇ ਹਨ। ਸਿਹਤ ਬੀਮੇ ਵਾਲੇ ਬੱਚੇ ਜਿਆਦਾਤਰ ਨਿਯਮਿਤ ਤੌਰ ਤੇ ਸਿਹਤ ਸੰਭਾਲ਼ ਪ੍ਰਾਪਤ ਕਰਦੇ ਹਨ ਅਤੇ ਬਿਮਾਰੀ ਕਾਰਣ ਸਕੂਲ ਜਾਣ ਦੇ ਨਾਗੇ ਬਹੁਤ ਘੱਟ ਕਰਦੇ ਹਨ।

ਕਿਉਂਕ ਸਿਹਤ ਬੀਮਾਂ ਬੱਚਿਆਂ ਦੀ ਭਲਾਈ ਲਈ ਬਹੁਤ ਮਹਤੱਵਪੂਰਣ ਹੈ, *ਕਾਨੂੰਨ Medicaid ਅਤੇ SCHIP ਨੂੰ ਦੱਸਣ ਦੀ ਸਾਨੂੰ ਇਜਾਜਤ ਦਿੰਦਾ ਹੈ ਕਿ ਤੁਹਾਡੇ ਬੱਚੇ ਮੁਫਤ ਜਾਂ ਸਸਤਾ ਭੋਜਨ ਲੈਣ ਦੇ ਯੋਗ ਹਨ,* ***ਜਦੋਂ ਤੱਕ ਤੁਸੀਂ ਸਾਨੂੰ ਅਜਿਹਾ ਨਹੀਂ ਕਰਨ ਲਈ ਕਹਿੰਦੇ ਹੋ।*** ਕੇਵਲ Medicaid ਅਤੇ SCHIP ਹੀ ਉਨ੍ਹਾਂ ਬੱਚਿਆਂ ਨੂੰ ਪਛਾਣਨ ਲਈ ਜਾਣਕਾਰੀ ਦੀ ਵਰਤੋਂ ਕਰਦੇ ਹਨ ਜਿਹੜੇ ਉਨ੍ਹਾਂ ਦੇ ਪ੍ਰੋਗਰਾਮ ਲਈ ਯੋਗ ਹੋ ਸਕਦੇ ਹਨ। ਪ੍ਰੋਗਰਾਮ ਦੇ ਅਧਿਕਾਰੀ ਆਪਣੇ ਬੱਚਿਆਂ ਨੂੰ ਨਾਮਜਦ ਕਰਨ ਦੀ ਪੇਸ਼ਕਸ਼ ਲੈ ਕੇ ਤੁਹਾਡੇ ਨਾਲ ਸੰਪਰਕ ਕਾਇਮ ਕਰ ਸਕਦੇ ਹਨ। ਮੁਫਤ ਅਤੇ ਸਸਤੇ ਸਕੂਲੀ ਭੋਜਨ ਦੇ ਬਿਨੈਪੱਤਰ ਨੂੰ ਭਰਨ ਨਾਲ ਤੁਹਾਡੇ ਬੱਚੇ ਆਪਣੇ ਆਪ ਸਿਹਤ ਬੀਮੇ ਵਿੱਚ ਨਾਮਜਦ ਨਹੀਂ ਹੁੰਦੇ।

ਜੇਕਰ ਤੁਸੀਂ ਸਾਡੇ ਦੁਆਰਾ Medicaid ਜਾਂ SCHIP ਨਾਲ ਆਪਣੀ ਜਾਣਕਾਰੀ ਨੂੰ ਸਾਂਝਾ ਨਹੀਂ ਕਰਨਾ ਚਾਹੁੰਦੇ, ਹੇਠਾਂ ਦਿੱਤਾ ਫਾਰਮ ਭਰੋ ਅਤੇ ਇਸ ਵਿੱਚ ਭੇਜੋ (ਇਸ ਫਾਰਮ ਵਿੱਚ ਭੇਜਣਾ ਬਦਲਾਵ ਨਹੀਂ ਕਰੇਗਾ ਚਾਹੇ ਤੁਸੀਂ ਆਪਣੇ ਬੱਚਿਆਂ ਨੂੰ ਮੁਫਤ ਜਾਂ ਸਸਤੇ ਭੋਜਨ ਲੈਂਦੇ ਹੋ)।

❑ **ਨਹੀਂ! ਮੈਂ ਨਹੀਂ ਚਾਹੁੰਦਾ ਹਾਂ** ਮੇਰੀ ਮੁਫਤ ਅਤੇ ਸਸਤਾ ਸਕੂਲੀ ਭੋਜਨ ਦੇ ਬਿਨੈਪੱਤਰ ਦੀ ਜਾਣਕਾਰੀ ਨੂੰ Medicaid ਜਾਂ ਸਟੇਟ ਚਿਲਡਰਨਜ ਹੈਲਥ ਇੰਸ਼ੁਰੈਂਸ ਪ੍ਰੋਗਰਾਮ ਨਾਲ ਸਾਂਝਾ ਕੀਤਾ ਜਾਏ।

ਜੇਕਰ ਤੁਸੀਂ **ਨਹੀਂ** ਤੇ ਨਿਸ਼ਾਨ ਲਗਾਇਆ ਹੈ, ਇਹ ਯਕੀਨੀ ਬਣਾਉਣ ਲਈ ਹੇਠਾਂ ਦਿੱਤਾ ਫਾਰਮ ਭਰੋ ਕਿ ਹੇਠਾਂ ਸੂਚਿਤ ਕੀਤੇ ਬੱਚੇ (ਬੱਚਿਆਂ) ਦੀ ਜਾਣਕਾਰੀ ਨੂੰ ਸਾਂਝਾ **ਨਾ** ਕੀਤਾ ਜਾਏ:

ਬੱਚੇ ਦਾ ਨਾਮ: _____ ਸਕੂਲ:_____

ਬੱਚੇ ਦਾ ਨਾਮ: _____ ਸਕੂਲ:_____

ਬੱਚੇ ਦਾ ਨਾਮ: _____ ਸਕੂਲ:_____

ਬੱਚੇ ਦਾ ਨਾਮ: _____ ਸਕੂਲ:_____

ਪਿਤਾ/ਵਾਰਸ ਦੇ ਹਸਤਾਖਰ: _____ ਮਿਤੀ: _____

ਪ੍ਰਿੰਟਡ ਨਾਮ: _____

ਪਤਾ: _____

_____

ਵਧੇਰੇ ਜਾਣਕਾਰੀ ਲਈ, ਆਪਣੇ ਬੱਚੇ ਦੇ ਸਕੂਲ ਨੂੰ ਕਾਲ ਕਰੋ।